# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)

ਮੁਸਤਰੀ ਮੁਨਿਆਦੀ

ਐਸ.ਏ.ਐਸ ਨਗਰ ਦੇ ਮਾਸਟਰ ਪਲੈਨ ਅਨੁਸਾਰ ਸੈਕਟਰ 118/119 ਨੂੰ ਵੰਡਦੀ 150 ਫੁੱਟ ਸੜਕ ਦੀ 15.9688 ਏਕੜ ਜੋ ਕਿ ਪਿੰਡ ਬੱਲੋ ਮਾਜਰਾ ਜਿਸਦਾ ਰਕਬਾ (10.2750 ਏਕੜ), ਬਲੌਂਗੀ ਜਿਸ ਦਾ ਰਕਬਾ (5.5438 ਏਕੜ) ਅਤੇ ਦਾਊਂ ਜਿਸ ਦਾ ਰਕਬਾ (0.1500 ਏਕੜ) ਕੁੱਲ ਰਕਬਾ 15.9688 ਏਕੜ, ਤਹਿਸੀਲ ਮੋਹਾਲੀ, ਜਿਲ੍ਹਾ ਐਸ.ਏ.ਐਸ. ਨਗਰ ਪ੍ਰਾਪਤੀ ਅਧੀਨ ਹੈ, ਦਾ ਅਵਾਰਡ ਮਿਤੀ 15.05.2023 ਨੂੰ ਸਮਾਂ 01 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਐਸ.ਏ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਹਨਾਂ ਪਿੰਡਾਂ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

ਸਥਾਨ: ਐਸ.ਏ.ਐਸ. ਨਗਰ

ਮਿਤੀ:

ਭੌਂ ਪ੍ਰਾਪਤੀ ਕੁਲੈਕਟਰ

ਪਿ.ਅ.ਨੰ: ਐਮ.ਏ/ਐਲ.ਏ.ਸੀ/2023/ 73357 ਮਿਤੀ: 11/5/23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂ, ਸਥਾਨ ਅਤੇ ਮਿਤੀ, ਹਾਜਰ ਹੋਣ ਲਈ ਤਹਿਸੀਲਦਾਰ ਮੋਹਾਂਲੀ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਬੱਲੋਂ ਮਾਜਰਾ, ਬਲੌਂਗੀ ਅਤੇ ਦਾਊਂ, ਤਹਿਸੀਲ ਮੋਹਾਲੀ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਂਕੀਦਾਰ ਪਿੰਡ ਬੱਲੋਂ ਮਾਜਰਾ, ਬਲੌਂਗੀ ਅਤੇ ਦਾਊਂ, ਤਹਿਸੀਲ ਮੋਹਾਲੀ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ਸਿਸਟਮ ਮੈਨੇਜਰ ਗਮਾਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

ਭੌਂ ਪ੍ਰਾਪਤੀ ਕੁਲੈਕਟਰ